# ਬਿਲੀਵਰਸ ਈਸਟਰਨ ਚਰਚ

ਵਿਸ਼ਵ ਚਰਚ ਹੈੱਡਕੁਆਰਟਰ, ਸੇਂਟ ਥੋਮਸ ਕਮਿਊਨਿਟੀ ਤਿਰੂਵੱਲਾ
– 689 103, ਕੇਰਲ, ਭਾਰਤ

# ਚਰਵਾਹੇ ਦਾ ਪੱਤਰ

**ਜਨਵਰੀ –ਫਰਵਰੀ 2026**

**ਮੇਰੇ ਪਿਆਰੇ ਚਰਵਾਹਿਆਂ ਅਤੇ ਪਵਿੱਤਰ ਚਰਚ ਦੇ ਸਾਰੇ ਵਿਸ਼ਵਾਸੀਆਂ ਨੂੰ**

**ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ—ਇੱਕ ਪਰਮੇਸ਼ੁਰ—ਦੇ ਨਾਮ ਵਿੱਚ, ਹੁਣ ਅਤੇ ਸਦਾ ਲਈ। ਆਮੀਨ।** ✠

ਹਾਲ ਹੀ ਵਿੱਚ ਅਸੀਂ ਦੋ ਮਹਾਨ ਪਰਬ ਮਨਾਏ ਹਨ—**ਕ੍ਰਿਸਮਸ** ਅਤੇ **ਥਿਓਫੇਨੀ**, ਜੋ ਵਿਸ਼ਵਿਆਪੀ ਚਰਚ ਵਿੱਚ ਯਿਸੂ ਮਸੀਹ ਦੇ ਜੀਵਨ ਨਾਲ ਸੰਬੰਧਿਤ ਦੋ ਬੁਨਿਆਦੀ ਅਤੇ ਆਪਸ ਵਿੱਚ ਗਹਿਰੇ ਤੌਰ 'ਤੇ ਜੁੜੀਆਂ ਹੋਈਆਂ ਘਟਨਾਵਾਂ ਨੂੰ ਦਰਸਾਉਂਦੇ ਹਨ। ਕ੍ਰਿਸਮਸ ਸਾਡੇ ਪ੍ਰਭੂ ਯਿਸੂ ਮਸੀਹ ਦੇ ਦੇਹਧਾਰਣ—ਉਨ੍ਹਾਂ ਦੇ ਜਨਮ—ਉੱਤੇ ਕੇਂਦਰਿਤ ਹੈ, ਜਦਕਿ ਥਿਓਫੇਨੀ ਯਰਦਨ ਦਰਿਆ ਵਿੱਚ ਉਨ੍ਹਾਂ ਦੇ ਬਪਤਿਸਮੇ ਰਾਹੀਂ ਹੋ ਪ੍ਰਭੂ ਜੀ ਦੇ ਪ੍ਰਗਟਾਵੇ 'ਤੇ ਧਿਆਨ ਕੇਂਦਰਿਤ ਕਰਦੀ ਹੈ—ਜਿੱਥੇ ਪਰਮੇਸ਼ੁਰ ਨੇ ਆਪਣੇ ਆਪ ਨੂੰ ਤ੍ਰਿਏਕ ਰੂਪ ਵਿੱਚ ਪ੍ਰਗਟ ਕੀਤਾ ਅਤੇ ਯਿਸੂ ਦੀ ਜਨਤਕ ਸੇਵਾ ਦੀ ਸ਼ੁਰੂਆਤ ਹੋਈ।

ਹੁਣ ਅਸੀਂ **ਮਹਾਨ ਲੈਂਟ** ਦੇ ਸੀਜ਼ਨ ਵੱਲ ਨਿਗਾਹ ਕਰ ਰਹੇ ਹਾਂ।

ਪਵਿੱਤਰ ਬਾਈਬਲ ਵਿੱਚ ਅਸੀਂ ਪੜ੍ਹਦੇ ਹਾਂ ਕਿ ਆਪਣੀ ਧਰਤੀ ਉੱਤੇ ਸੇਵਾ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ, ਯਿਸੂ ਨੇ ਚਾਲੀ ਦਿਨਾਂ ਦਾ ਵਰਤ ਰੱਖਿਆ, ਜਿਸ ਦੌਰਾਨ ਉਨ੍ਹਾਂ ਨੇ ਦੁਸ਼ਟ ਦੇ ਪਰਤਾਵਿਆਂ 'ਤੇ ਜਿੱਤ ਪ੍ਰਾਪਤ ਕੀਤੀ।

ਯਿਸੂ ਮਸੀਹ ਦੇ ਅਨੁਯਾਈ ਹੋਣ ਦੇ ਨਾਤੇ, ਸਾਨੂੰ ਵੀ ਉਸਦੇ ਜੀਵਨ ਅਤੇ ਉਦਾਹਰਨ ਦੀ ਨਕਲ ਕਰਦਿਆਂ—ਵੱਖ-ਵੱਖ ਤੌਰ 'ਤੇ ਅਤੇ ਸਾਂਝੇ ਤੌਰ 'ਤੇ—ਆਪਣੇ ਦੈਨਿਕ ਆਤਮਿਕ ਜੀਵਨ ਨੂੰ ਨਵਿਆਉਣ ਲਈ ਇੱਕ ਵਿਸ਼ੇਸ਼ ਸਮਾਂ ਅਲੱਗ ਰੱਖਣ ਦਾ ਸੱਦਾ ਮਿਲਦਾ ਹੈ।

ਮਹਾਨ ਵਰਤ ਉਹ ਸੀਜ਼ਨ ਹੈ ਜਿਸ ਵਿੱਚ ਵਰਤ, ਪ੍ਰਾਰਥਨਾ ਅਤੇ ਤੋਬਾ ਦੇ ਆਤਮਿਕ ਅਨੁਸ਼ਾਸਨਾਂ ਰਾਹੀਂ ਅਸੀਂ ਆਪਣੇ ਆਪ ਨੂੰ ਨਿਮਰ ਕਰਦੇ ਹਾਂ ਅਤੇ ਸ਼ੁੱਧੀ ਦੀ ਖੋਜ ਕਰਦੇ ਹਾਂ। ਇਸ ਸਾਲ, ਮਹਾਨ ਵਰਤ **15 ਫਰਵਰੀ** ਤੋਂ ਸ਼ੁਰੂ ਹੁੰਦਾ ਹੈ ਅਤੇ **5 ਅਪ੍ਰੈਲ** ਨੂੰ **ਈਸਟਰ**—ਸਾਡੇ ਪ੍ਰਭੂ ਯਿਸੂ ਮਸੀਹ ਦੇ ਜੀ ਉੱਠਣ ਦੇ ਮਹਾਨ ਪਰਬ ਨਾਲ ਸਮਾਪਤ ਹੁੰਦਾ ਹੈ।

ਮੈਂ ਤੁਹਾਨੂੰ ਪ੍ਰੇਰਿਤ ਕਰਦਾ ਹਾਂ ਕਿ ਇਸ ਪਵਿੱਤਰ ਸੀਜ਼ਨ ਲਈ ਪਵਿੱਤਰ ਚਰਚ ਵੱਲੋਂ ਸਾਨੂੰ ਦਿੱਤੇ ਗਏ ਆਤਮਿਕ ਅਨੁਸ਼ਾਸਨ ਦੇ ਤਿੰਨ ਸਤੰਭਾਂ ਨੂੰ ਪੂਰੀ ਲਗਨ ਨਾਲ ਅਪਣਾਓ: **ਵਰਤ, ਪ੍ਰਾਰਥਨਾ ਅਤੇ ਦਾਨ**।

**1. ਵਰਤ**

ਜਦੋਂ ਯਿਸੂ ਵਰਤ ਰੱਖ ਰਹੇ ਸਨ, ਤਦ ਦੁਸ਼ਟ ਨੇ ਉਨ੍ਹਾਂ ਨੂੰ ਪਰਖਿਆ ਕਿ ਪੱਥਰਾਂ ਨੂੰ ਰੋਟੀ ਬਣਾਕੇ ਆਪਣੀ ਸਰੀਰਕ ਭੁੱਖ ਮਿਟਾਉਣ। ਪਰ ਯਿਸੂ ਨੇ ਇਹ ਕਹਿ ਕੇ ਉਸ ਪਰਖ 'ਤੇ ਜਿੱਤ ਹਾਸਲ ਕੀਤੀ:
**"ਮਨੁੱਖ ਕੇਵਲ ਰੋਟੀ ਨਾਲ ਨਹੀਂ, ਸਗੋਂ ਪਰਮੇਸ਼ੁਰ ਦੇ ਹਰ ਇਕ ਬਚਨ ਨਾਲ ਜੀਉਂਦਾ ਹੈ।"**

ਇਸ ਤਰ੍ਹਾਂ ਯਿਸੂ ਨੇ ਸਾਨੂੰ ਦਿਖਾਇਆ ਕਿ ਮਨੁੱਖ ਦੀਆਂ ਆਤਮਿਕ ਲੋੜਾਂ ਸਰੀਰਕ ਲੋੜਾਂ ਨਾਲੋਂ ਵੱਡੀਆਂ ਹਨ। ਅਸੀਂ ਕੀ ਖਾਂਦੇ ਹਾਂ ਅਤੇ ਕਿੰਨਾ ਖਾਂਦੇ ਹਾਂ—ਇਸ ਵਿੱਚ ਆਪਣੇ ਆਪ ਨੂੰ ਅਨੁਸ਼ਾਸਿਤ ਕਰਦਿਆਂ, ਵਰਤ ਸਾਨੂੰ ਪੂਰੀ ਤਰ੍ਹਾਂ ਪਰਮੇਸ਼ੁਰ 'ਤੇ ਨਿਰਭਰ ਰਹਿਣ ਦੀ ਸਿੱਖਿਆ ਦਿੰਦਾ ਹੈ। ਆਖਰਕਾਰ, ਸਾਡੀ ਹਰ ਲੋੜ ਨੂੰ ਪੂਰਾ ਕਰਨ ਵਾਲਾ ਪਰਮੇਸ਼ੁਰ ਆਪ ਹੈ।

ਪਰ ਸੱਚਾ ਵਰਤ ਕੇਵਲ ਭੋਜਨ ਤੱਕ ਸੀਮਿਤ ਨਹੀਂ।

ਜਿਵੇਂ ਪਵਿੱਤਰ ਸ਼ਾਸਤਰ ਅਤੇ ਚਰਚ ਦੇ ਫ਼ਾਦਰ ਸਾਨੂੰ ਸਿਖਾਉਂਦੇ ਹਨ, ਸਾਨੂੰ ਹਰ ਤਰ੍ਹਾਂ ਦੀ ਪਾਪੀ ਆਦਤ ਤੋਂ ਵਰਤ ਰੱਖਣ ਦਾ ਸੱਦਾ ਦਿੱਤਾ ਗਿਆ ਹੈ—ਚਾਹੇ ਉਹ ਫ਼ਜ਼ੂਲ ਗੱਲਾਂ, ਗੁੱਸਾ, ਚੁਗਲੀ, ਈਰਖਾ ਹੋਵੇ ਜਾਂ ਆਧੁਨਿਕ ਧਿਆਨ ਭਟਕਾਉਣ ਵਾਲੀਆਂ ਚੀਜ਼ਾਂ, ਜੋ ਸਾਡਾ ਸਮਾਂ ਖੋਹ ਲੈਂਦੀਆਂ ਹਨ ਅਤੇ ਚੁੱਪਚਾਪ ਸਾਨੂੰ ਗ਼ੁਲਾਮ ਬਣਾ ਲੈਂਦੀਆਂ ਹਨ, ਜਿਵੇਂ ਕਿ ਸੋਸ਼ਲ ਮੀਡੀਆ ਦੀ ਅਤਿ ਵਰਤੋਂ, ਬੇਅੰਤ ਸਕ੍ਰੋਲਿੰਗ ਅਤੇ ਮਨੋਰੰਜਨ ਦੀ ਲਗਾਤਾਰ

ਲਾਲਸਾ।
ਇਨ੍ਹਾਂ ਵਾਸਨਾਵਾਂ ਦੇ ਅਧੀਨ ਹੋਣ ਦੀ ਬਜਾਏ, ਉਨ੍ਹਾਂ 'ਤੇ ਕਾਬੂ ਪਾ ਕੇ ਅਸੀਂ ਆਪਣੇ ਅੰਦਰ ਮਸੀਹੀ ਜੀਵਨ ਨੂੰ ਵਧਣ ਲਈ ਥਾਂ ਬਣਾਉਂਦੇ ਹਾਂ।

### 2. ਪ੍ਰਾਰਥਨਾ

ਪ੍ਰਾਰਥਨਾ ਤੋਂ ਬਿਨਾਂ ਵਰਤ ਦੀ ਕੋਈ ਆਤਮਿਕ ਕਦਰ ਨਹੀਂ। ਇਸੀ ਕਾਰਨ ਪਵਿੱਤਰ ਚਰਚ ਨੇ ਇਸ ਸੀਜ਼ਨ ਦੌਰਾਨ ਦੈਨਿਕ ਸ਼ਾਮ ਦੀਆਂ ਪ੍ਰਾਰਥਨਾਵਾਂ ਨਿਰਧਾਰਤ ਕੀਤੀਆਂ ਹਨ, ਤਾਂ ਜੋ ਸਾਰੇ ਵਿਸ਼ਵਾਸੀ ਇਕੱਠੇ ਹੋ ਕੇ ਪਰਮੇਸ਼ੁਰ ਦੀ ਮਾਫ਼ੀ ਅਤੇ ਦਇਆ ਦੀ ਬੇਨਤੀ ਕਰ ਸਕਣ।

ਇਸ ਤੋਂ ਇਲਾਵਾ, ਚਰਚ ਨੇ ਸਾਨੂੰ ਨਿੱਜੀ ਪ੍ਰਾਰਥਨਾ ਜੀਵਨ ਲਈ ਇੱਕ ਸ਼ਕਤੀਸ਼ਾਲੀ ਸਾਧਨ ਦਿੱਤਾ ਹੈ—**ਯਿਸੂ ਪ੍ਰਾਰਥਨਾ ਅਤੇ ਪ੍ਰਾਰਥਨਾ ਰੱਸੀ**।
ਯਿਸੂ ਪ੍ਰਾਰਥਨਾ—
**"ਹੇ ਪ੍ਰਭੂ ਯਿਸੂ ਮਸੀਹ, ਪਰਮੇਸ਼ੁਰ ਦੇ ਪੁੱਤਰ, ਮੈਂ ਪਾਪੀ ਉੱਤੇ ਦਇਆ ਕਰੋ"**—
ਨੂੰ ਆਪਣੀ ਦੈਨਿਕ ਪ੍ਰਾਰਥਨਾ ਦਾ ਅਟੁੱਟ ਹਿੱਸਾ ਬਣਾਓ।

ਪ੍ਰਾਰਥਨਾ ਰੱਸੀ ਨਾਲ ਮਿਲ ਕੇ ਇਸ ਪ੍ਰਾਰਥਨਾ ਦੀ ਵਰਤੋਂ ਕਰਦਿਆਂ, ਚਰਚ ਦੇ ਸੰਤਾਂ ਨੇ ਬਿਨਾ ਰੁਕਾਵਟ ਪ੍ਰਾਰਥਨਾ ਕਰਨੀ ਸਿੱਖੀ (ਕੁਲੁੱਸੀਆਂ 4:2; 1 ਥੱਸਲੁਨੀਕਿਆਂ 5:17)।
ਜਿਵੇਂ-ਜਿਵੇਂ ਹਰ ਗੰਢ ਉਂਗਲਾਂ ਵਿੱਚੋਂ ਲੰਘਦੀ ਹੈ ਅਤੇ ਯਿਸੂ ਪ੍ਰਾਰਥਨਾ ਦੁਹਰਾਈ ਜਾਂਦੀ ਹੈ, ਪ੍ਰਾਰਥਨਾ ਹੌਲੀ-ਹੌਲੀ ਸਾਡੇ ਦਿਲ ਵਿੱਚ ਉੱਤਰਦੀ ਹੈ, ਉਸਨੂੰ ਬਦਲਦੀ ਹੈ ਅਤੇ ਪਰਮੇਸ਼ੁਰ ਦੇ ਦਿਲ ਨਾਲ ਹੋਰ ਪੂਰੀ ਤਰ੍ਹਾਂ ਜੋੜਦੀ ਹੈ।

### 3. ਦਾਨ

ਗਰੀਬਾਂ ਅਤੇ ਲੋੜਵੰਦਾਂ ਦੀ ਸੰਭਾਲ ਪਰਮੇਸ਼ੁਰ ਦੇ ਬੱਚਿਆਂ ਦੇ ਜੀਵਨ ਦਾ ਅਟੁੱਟ ਅੰਗ ਹੈ। ਹੋਰਾਂ ਪ੍ਰਤੀ ਉਦਾਰਤਾ ਅਤੇ ਦਇਆ ਬਿਨਾਂ ਸਾਡਾ ਵਰਤ ਅਤੇ ਪ੍ਰਾਰਥਨਾ ਅਧੂਰੀ ਰਹਿੰਦੀ ਹੈ। ਦਰਅਸਲ, ਯਸ਼ਾਯਾਹ ਨਬੀ ਸਾਨੂੰ ਸਿਖਾਉਂਦੇ ਹਨ ਕਿ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਵਾਲਾ ਵਰਤ ਉਹ ਹੈ ਜੋ ਗਰੀਬਾਂ ਅਤੇ ਦਬੇ-ਕੁਚਲੇ ਲੋਕਾਂ ਦੀਆਂ ਲੋੜਾਂ ਵੱਲ ਧਿਆਨ ਦੇਂਦਾ ਹੈ (ਯਸ਼ਾਯਾਹ 58:7)।

ਮਹਾਨ ਵਰਤ ਦਾ ਸੀਜ਼ਨ ਸਾਡੇ ਸਰੋਤ ਹੋਰਾਂ ਨਾਲ ਸਾਂਝੇ ਕਰਨ ਦੇ ਵਚਨ ਨੂੰ ਨਵਿਆਉਣ ਦਾ ਅਰਥਪੂਰਨ ਸਮਾਂ ਹੈ—ਜਾਣ-ਬੁੱਝ ਕੇ, ਸਰਗਰਮ ਤੌਰ 'ਤੇ ਅਤੇ ਇਸ ਗੁਣ ਵਿੱਚ ਵਧਣ ਲਈ। ਸਾਡੇ ਪ੍ਰਭੂ ਸਾਨੂੰ ਯਾਦ ਦਿਵਾਉਂਦੇ ਹਨ:
**"ਤੁਸੀਂ ਇਨ੍ਹਾਂ ਵਿੱਚੋਂ ਸਭ ਤੋਂ ਛੋਟੇ ਦਾਸ ਨਾਲ ਜੋ ਕੁਝ ਕੀਤਾ, ਉਹ ਮੇਰੇ ਨਾਲ ਕੀਤਾ"** (ਮੱਤੀ 25:40)।

ਹੇਠਾਂ ਕੁਝ ਵਿਹਾਰਕ ਤਰੀਕੇ ਹਨ ਜਿਨ੍ਹਾਂ ਰਾਹੀਂ ਅਸੀਂ ਇਸ ਨੂੰ ਜੀ ਸਕਦੇ ਹਾਂ:

## ਵਿਹਾਰਕ ਅਮਲ

### 1. ਪਰਿਵਾਰ ਵਜੋਂ ਸਾਰੀਆਂ ਚਰਚ ਸੇਵਾਵਾਂ ਵਿੱਚ ਭਾਗ ਲਵੋ

ਮਹਾਨ ਵਰਤ ਇੱਕ ਐਸੀ ਯਾਤਰਾ ਹੈ ਜੋ ਅਸੀਂ ਚਰਚ ਵਜੋਂ ਇਕੱਠੇ ਤੈਅ ਕਰਦੇ ਹਾਂ, ਤਾਂ ਜੋ ਯਿਸੂ ਦੇ ਹੋਰ ਨੇੜੇ ਚੱਲੀਏ। ਜਦਕਿ ਅਸੀਂ ਵਿਅਕਤੀਗਤ ਤੌਰ 'ਤੇ ਵਰਤ ਅਤੇ ਪ੍ਰਾਰਥਨਾ ਲਈ ਵਚਨਬੱਧ ਹੁੰਦੇ ਹਾਂ, ਉਥੇ ਹੀ ਸਾਨੂੰ ਪਰਿਵਾਰਾਂ ਅਤੇ ਸੰਗਤ ਵਜੋਂ ਵੀ ਇਹ ਕਰਨ ਦਾ ਸੱਦਾ ਮਿਲਦਾ ਹੈ। ਇਸ ਲਈ, ਇਸ ਸੀਜ਼ਨ ਦੌਰਾਨ ਦੈਨਿਕ ਸ਼ਾਮ ਦੀਆਂ ਸੇਵਾਵਾਂ ਵਿੱਚ ਪੂਰੇ ਪਰਿਵਾਰ ਸਮੇਤ ਨਿਭਾਅ ਨਾਲ ਹਾਜ਼ਰੀ ਲਗਾਉਣਾ ਬਹੁਤ ਜ਼ਰੂਰੀ ਹੈ।

### 2. ਮੇਲਮਿਲਾਪ ਨਾਲ ਸ਼ੁਰੂ ਕਰੋ

ਯਿਸੂ ਨੇ ਕਿਹਾ:
**"ਜਦੋਂ ਤੁਸੀਂ ਪ੍ਰਾਰਥਨਾ ਕਰਦੇ ਖੜੇ ਹੋਵੋ ਅਤੇ ਕਿਸੇ ਦੇ ਖ਼ਿਲਾਫ਼ ਕੁਝ ਹੋਵੇ, ਤਾਂ ਉਸਨੂੰ ਮਾਫ਼ ਕਰੋ, ਤਾਂ ਜੋ ਅਕਾਸ਼ ਵਿੱਚ ਤੁਹਾਡਾ ਪਿਤਾ ਵੀ ਤੁਹਾਡੇ ਅਪਰਾਧ ਮਾਫ਼ ਕਰੇ"** (ਮਰਕੁਸ 11:25)।
ਨਫ਼ਰਤ, ਵੈਰ ਜਾਂ ਨਾ-ਮਾਫ਼ੀ ਨਾਲ ਭਰੇ ਦਿਲਾਂ ਨਾਲ ਅਸੀਂ ਪਰਮੇਸ਼ੁਰ ਦੇ ਨੇੜੇ ਨਹੀਂ ਆ ਸਕਦੇ। ਇਸੇ ਲਈ ਚਰਚ ਮਹਾਨ ਲੈਂਟ ਦੀ ਸ਼ੁਰੂਆਤ **ਮੇਲਮਿਲਾਪ ਦੀ ਸੇਵਾ** ਨਾਲ ਕਰਦੀ ਹੈ, ਅਤੇ ਇਸ ਵਿੱਚ ਭਾਗ ਲੈਣਾ ਬਹੁਤ ਜ਼ਰੂਰੀ ਹੈ। ਆਓ ਉਹਨਾਂ ਨੂੰ ਮਾਫ਼ ਕਰੀਏ ਜਿਨ੍ਹਾਂ ਨੇ ਸਾਨੂੰ ਦੁੱਖ ਦਿੱਤਾ, ਜਿਨ੍ਹਾਂ ਨੂੰ ਅਸੀਂ ਦੁੱਖ ਦਿੱਤਾ ਉਨ੍ਹਾਂ ਤੋਂ ਮਾਫ਼ੀ ਮੰਗੀਏ, ਆਪਣੇ ਆਪ ਨੂੰ ਨਿਮਰ ਕਰੀਏ, ਜਿੱਥੇ ਵੰਡ ਹੈ ਉਥੇ ਸ਼ਾਂਤੀ ਬਣਾਈਏ ਅਤੇ ਮਸੀਹ ਵਿੱਚ ਇੱਕ ਦੇਹ ਵਜੋਂ ਜੀਊਣ ਦੀ ਕੋਸ਼ਿਸ਼ ਕਰੀਏ।

### 3. ਤੋਬਾ ਅਤੇ ਇਕਰਾਰ ਵਿੱਚ ਲਗਾਤਾਰ ਰਹੋ

ਇਸ ਸੀਜ਼ਨ ਦੌਰਾਨ ਜਦੋਂ ਅਸੀਂ ਪਰਮੇਸ਼ੁਰ ਦੇ ਨੇੜੇ ਆਉਂਦੇ ਹਾਂ, ਪਵਿੱਤਰ ਆਤਮਾ ਸਾਡੇ ਬਹੁਤ ਸਾਰੇ ਪਾਪ—ਸਾਡੀਆਂ ਅਸਫਲਤਾਵਾਂ ਅਤੇ ਕਮਜ਼ੋਰੀਆਂ—ਸਾਡੇ ਸਾਹਮਣੇ ਲਿਆਏਗਾ। ਨਿਰਾਸ਼ ਨਾ ਹੋਵੋ। ਇਮਾਨਦਾਰੀ ਨਾਲ ਇਕਰਾਰ ਕਰੋ, ਨਿਮਰਤਾ ਨਾਲ ਤੋਬਾ ਕਰੋ ਅਤੇ ਪਰਮੇਸ਼ੁਰ ਦੀ ਦਇਆ ਦੀ ਬੇਨਤੀ ਕਰੋ। ਜੇ ਤੁਸੀਂ ਕਿਸੇ ਖਾਸ ਪਰਤਾਵੇ ਨਾਲ ਮੁੜ-ਮੁੜ ਜੂਝ ਰਹੇ ਹੋ, ਤਾਂ ਹੌਸਲਾ ਨਾ ਹਾਰੋ। ਆਪਣੇ ਯਾਜਕ ਜਾਂ ਆਪਣੇ

ਭਰੋਸੇਯੋਗ ਇਕਰਾਰ ਕਰਵਾਉਣ ਵਾਲੇ ਦਾਸ ਨਾਲ ਖੁੱਲ੍ਹ ਕੇ ਗੱਲ ਕਰੋ, ਅਤੇ ਇਕਰਾਰ ਦੇ ਸੰਸਕਾਰ ਰਾਹੀਂ ਮੇਲਮਿਲਾਪ ਕਰਕੇ ਆਪਣੀ ਆਤਮਾ ਲਈ ਸ਼ੁੱਧੀ ਅਤੇ ਚੰਗਿਆਈ ਪ੍ਰਾਪਤ ਕਰੋ।

ਸਾਡੀ ਚਰਚ ਕੋਲ ਮਹਾਨ ਵਰਤ ਦੀ ਇਸ ਯਾਤਰਾ ਵਿੱਚ ਤੁਹਾਡੀ ਸਹਾਇਤਾ ਲਈ ਬਹੁਤ ਧਨੀ ਆਤਮਿਕ ਸਰੋਤ ਹਨ—ਜਿਵੇਂ ਕਿ ਦੈਨਿਕ ਬਾਈਬਲ ਪਾਠ, ਦੈਨਿਕ ਰੋਜੇ ਦੇ ਮਨਨ ਅਤੇ ਨਿੱਜੀ ਜੀਵਨ ਅਤੇ ਘਰੇਲੂ ਪ੍ਰਾਰਥਨਾ ਲਈ ਦੈਨਿਕ ਪ੍ਰਾਰਥਨਾ ਲਿਟਰਜੀ। ਇਨ੍ਹਾਂ ਸਾਰਿਆਂ ਦੀ ਪੂਰੀ ਵਰਤੋਂ ਕਰੋ, ਤਾਂ ਜੋ ਮਹਾਨ ਵਰਤ ਦਾ ਸੀਜ਼ਨ ਤੁਹਾਡੇ ਅਤੇ ਤੁਹਾਡੇ ਪੈਰਿਸ਼ ਲਈ ਸੱਚਮੁੱਚ ਅਰਥਪੂਰਨ ਬਣੇ।

ਮੇਰੇ ਬਹੁਤ ਪਿਆਰੇ ਬੱਚਿਓ ਮੈਂ ਤੁਹਾਡੇ ਸਭਨਾਂ ਲਈ ਪ੍ਰਾਰਥਨਾ ਕਰਦਾ ਹਾਂ ਕਿ ਵਰਤ ਦੇ ਇਨ੍ਹਾਂ ਪਵਿੱਤਰ ਦਿਨਾਂ ਦੌਰਾਨ ਪਰਮੇਸ਼ੁਰ ਦੀ ਕਿਰਪਾ ਤੁਹਾਨੂੰ ਮਜ਼ਬੂਤ ਕਰੇ। ਉਹ ਤੁਹਾਨੂੰ ਆਪਣੀ ਇੱਛਾ ਨੂੰ ਸਮਝਣ ਦੀ ਬੁੱਧੀ, ਉਸਦੇ ਹੁਕਮਾਂ 'ਤੇ ਚੱਲਣ ਦੀ ਤਾਕਤ ਅਤੇ ਸਭ ਪ੍ਰਤੀ ਆਪਣੀ ਦਇਆ ਵੰਡਣ ਦਾ ਪਿਆਰ ਬਖ਼ਸ਼ੇ। ਮਸੀਹ ਵਿੱਚ ਤੁਹਾਡੇ ਆਤਮਿਕ ਪਿਤਾ ਵਜੋਂ, ਮੈਂ ਵੀ ਇਸ ਪਵਿੱਤਰ ਸੀਜ਼ਨ ਵਿੱਚ ਤੁਹਾਡੇ ਨਾਲ ਯਾਤਰਾ ਕਰਦਾ ਹਾਂ, ਅਤੇ ਆਓ ਮਿਲ ਕੇ ਆਪਣੇ ਪ੍ਰਭੂ ਦੀਆਂ ਅਸੀਸਾਂ ਨੂੰ ਸੱਚੇ ਦਿਲ ਨਾਲ ਖੋਜੀਏ।

ਪਵਿੱਤਰ ਤ੍ਰਿਏਕ—ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ—ਸਾਨੂੰ ਆਪਣੀ ਅਪਾਰ ਕਿਰਪਾ ਅਤੇ ਦਇਆ ਨਾਲ ਅਗਵਾਈ ਕਰੇ, ਅਤੇ ਸਾਰੇ ਸੰਤਾਂ ਅਤੇ ਪਵਿੱਤਰ ਥਿਓਟੋਕੋਸ ਦੀ ਵਿਚੋਲਗੀ ਸਾਨੂੰ ਪਰਮੇਸ਼ੁਰ ਦੇ ਸਿੰਘਾਸਨ ਅੱਗੇ ਹੁਣ ਅਤੇ ਸਦਾ ਲਈ ਸੁਰੱਖਿਆ ਦੇਵੇ।
✠ **ਆਮੀਨ।**

ਪਿੱਤਰੀ  ਪਿਆਰ ਅਤੇ ਦੁਆਵਾਂ ਦੇ ਨਾਲ

**✠ ਮੋਰਨ ਮੋਰ ਸੈਮੂਅਲ ਥੀਓਫਿਲਸ ਮੈਟਰੋਪੋਲਿਟਨ**

**ਮਿਤੀ : 21 ਜਨਵਰੀ 2026**
**ਸਥਾਨ: ਵਿਸ਼ਵ ਚਰਚ ਹੈਂਡਕੁਆਰਟਰ**